# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 15-06-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਤਿੰਨ ਦੇਸ਼ਾਂ ਦੇ ਦੌਰੇ ਦੇ ਪਹਿਲੇ ਗੇੜ ਵਿਚ, ਸਾਈਪ੍ਰਸ ਪਹੁੰਚੇ-ਪ੍ਰਧਾਨ ਮੰਤਰੀ ਸਾਈਪ੍ਰਸ ਦੇ ਉੱਦਮੀਆਂ ਨਾਲ ਕਰਨਗੇ ਵਪਾਰਕ ਗੱਲਬਾਤ।
- ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ, ਪੁਲਾੜ ਵਿਚ ਲਿਜਾਣ ਵਾਲੇ ਅਕਸੀਓਮ-4 ਦਾ ਪਰੀਖਣ 19 ਜੂਨ ਤੈਅ ਹੋਇਆ।
- ਅੱਜ ਵਿਸ਼ਵ ਬਜ਼ੁਰਗ ਨਾਗਰਿਕ ਦੁਰ-ਵਿਵਹਾਰ ਜਾਗਰੂਕਤਾ ਦਿਵਸ ਮੌਕੇ, ਪੰਜਾਬ ਭਰ ਵਿਚ ਵੱਖ-ਵੱਖ ਸਮਾਗਮਾਂ ਦਾ ਆਯੋਜਨ ।
- ਮੱਛੀ ਪਾਲਣ ਵਿਭਾਗ ਵੱਲੋਂ ਲੁਧਿਆਣਾ ਦੀ ਤਾਜਪੁਰ ਮੱਛੀ ਮੰਡੀ 'ਚ ਅਚਨਚੇਤ ਚੈਕਿੰਗ ਕਰਦਿਆਂ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਕੀਤੀ ਬਰਾਮਦ।
- 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ 'ਚ, ਪੰਜਾਬ ਦੇ ਮੁੰਡੇ-ਕੁੜੀਆਂ ਦੀ ਟੀਮ ਨੇ ਜਿਤੀ ਓਵਰਆਲ ਟਰਾਫੀ I

–

<u>ਹੁਣ ਖਬਰਾਂ ਵਿਸਥਾਰ ਨਾਲ.....</u>

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਤਿੰਨ ਦੇਸ਼ਾਂ ਦੇ ਦੌਰੇ ਦੇ ਪਹਿਲੇ ਗੇੜ 'ਤੇ ਸਾਈਪ੍ਰਸ ਪਹੁੰਚ ਗਏ ਨੇ । ਉਨ੍ਹਾਂ ਦਾ ਸਵਾਗਤ ਲਾਰ-ਨਾਕਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌ-ਲਿਡੇਸ ਨੇ ਕੀਤਾ। ਦੋਵੇਂ ਨੇਤਾ ਲੇਮੇ-ਸੋਸ ਵਿਖੇ ਭਾਰਤੀ ਅਤੇ ਸਾਈਪ੍ਰਸ ਦੇ ਉੱਦਮੀਆਂ ਨਾਲ ਇੱਕ ਵਪਾਰਕ ਗੋਲਮੇਜ਼ ਗੱਲਬਾਤ ਕਰਨਗੇ। ਲੇਮੇਸੋਸ ਵਿੱਚ, ਭਾਰਤੀ ਭਾਈਚਾਰਾ ਅਤੇ ਸਾਈਪ੍ਰਸ ਦੇ ਲੋਕ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਲਈ ਉਤਸੁਕਤਾ ਨਾਲ ਉਡੀਕ ਕਰ ਰਹੇ ਨੇ ।

---

ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ, ਕੌਮਾਂਤਰੀ ਪੁਲਾੜ ਸਟੇਸ਼ਨ ਭੇਜਣ ਲਈ ਉਡੀਕਿਆ ਜਾ ਰਿਹਾ ਅਕਸੀਓਮ-4 ਮਿਸ਼ਨ ਦੀ ਨਵੀਂ ਤਰੀਕ 19 ਜੂਨ ਤੈਅ ਕੀਤੀ ਗਈ ਏ । ਤਕਨੀਕੀ ਖਾਮੀਆਂ ਕਾਰਨ ਮਿਸ਼ਨ ਵਿੱਚ ਦੇਰੀ ਹੋਈ ਸੀ ਅਤੇ ਹੁਣ ਇਹਨਾਂ ਨੂੰ ਹੱਲ ਕਰ ਲਿਆ ਗਿਆ ਏ । ਭਾਰਤੀ ਪੁਲਾੜ ਖੋਜ ਸੰਗਠਨ-ਇਸਰੋ, ਅਕਸੀਓਮ ਸਪੇਸ ਅਤੇ SpaceX ਵਿਚਕਾਰ ਹੋਈ ਇੱਕ ਮੀਟਿੰਗ ਵਿੱਚ, ਇਹ ਪੁਸ਼ਟੀ ਕੀਤੀ ਗਈ ਕਿ ਫਾਲਕਨ -9 ਪੁਲਾੜ ਵਾਹਨ ਵਿੱਚ ਤਰਲ

ਆਕਸੀਜਨ  ਮਿਸ਼ਨ ਸਫਲ ਹੋਣ ਤੇ ਸ਼ੁਭਾਂਸ਼ੂ ਸ਼ੁਕਲਾ ਅੰਤਰ-ਰਾਸ਼ਟਰੀ ਪੁਲਾੜ ਸਟੇਸ਼ਨ ਦਾ ਦੌਰਾ ਕਰਨ ਵਾਲੇ ਪਹਿਲੇ ਭਾਰਤੀ ਅਤੇ 1984 ਵਿੱਚ ਪੁਲਾੜ ਵਿੱਚ ਗਏ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਤੋਂ ਬਾਅਦ ਦੂਜੇ ਭਾਰਤੀ ਬਣ ਜਾਣਗੇ।

---------------------------------------------------------

ਅੱਜ ਵਿਸ਼ਵ ਬਜ਼ੁਰਗ ਨਾਗਰਿਕ ਦੁਰ-ਵਿਵਹਾਰ ਜਾਗਰੂਕਤਾ ਦਿਵਸ ਏ । ਇਹ ਦਿਨ ਬਜ਼ੁਰਗ ਨਾਗਰਿਕਾਂ ਨਾਲ ਦੁਰ-ਵਿਵਹਾਰ ਅਤੇ ਅਣਗਹਿਲੀ ਨੂੰ ਰੋਕਣ ਲਈ ਜਾਗਰੂਕਤਾ ਵਧਾ ਕੇ ਬਿਹਤਰ ਸਮਝ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਏ । ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਵਲੋਂ ਬਜ਼ੁਰਗਾਂ ਲਈ ਇੱਕ ਟੋਲ-ਫ੍ਰੀ "ਐਲਡਰ ਲਾਈਨ" ਹੈਲਪਲਾਈਨ ਨੰਬਰ - 1 4 5 6 7 ਜਾਰੀ ਕੀਤਾ ਗਿਆ ਏ

----------------------------------------------------------

ਓਧਰ ਹੈਲਪਏਜ ਇੰਡੀਆ ਵੱਲੋਂ ਅੱਜ ਵਿਸ਼ਵ ਬਜ਼ੁਰਗ ਦੁਰ-ਵਿਵਹਾਰ ਜਾਗਰੂਕਤਾ ਦਿਵਸ ਮਨਾਉਣ ਲਈ ਕੀਤੇ ਗਏ ਇੱਕ ਪਹਿਲੇ ਅਧਿਐਨ ਤੋਂ ਪਤਾ ਚੱਲਦਾ ਏ ਕਿ, ਮੈਟਰੋ ਸ਼ਹਿਰਾਂ ਦੇ ਮੁਕਾਬਲੇ ਗੈਰ-ਮੈਟਰੋ ਸ਼ਹਿਰਾਂ ਵਿੱਚ, ਨੌਜਵਾਨ ਅਤੇ ਬਜ਼ੁਰਗ ਮਜ਼ਬੂਤ ਰਵਾਇਤੀ ਕਦਰਾਂ-ਕੀਮਤਾਂ ਅਤੇ ਅੰਤਰ-ਪੀੜ੍ਹੀ ਸਬੰਧ ਸਾਂਝੇ ਕਰਦੇ ਨੇ। ਸਰਵੇਖਣ ਕੀਤੇ ਗਏ 10 ਸ਼ਹਿਰਾਂ ਵਿੱਚ ਦਿੱਲੀ, ਮੁੰਬਈ, ਕੋਲਕਾਤਾ, ਕਾਨਪੁਰ,

ਨਾਗਪੁਰ ਅਤੇ ਅਹਿਮਦਾਬਾਦ ਸ਼ਾਮਲ ਨੇ।'ਅੰਤਰ-ਪੀੜ੍ਹੀ ਗਤੀਸ਼ੀਲਤਾ ਅਤੇ ਬੁਢਾਪੇ ਬਾਰੇ ਧਾਰਨਾਵਾਂ ਨੂੰ ਸਮਝਣਾ' ਨਾਮਕ ਰਿਪੋਰਟ, ਮੇਰਾ ਯੁਵਾ ਭਾਰਤ ਦੇ ਪੰਜਾਬ ਅਤੇ ਚੰਡੀਗੜ੍ਹ ਦੇ ਡਾਇਰੈਕਟਰ ਪਰਮਜੀਤ ਸਿੰਘ ਵੱਲੋਂ ਜਾਰੀ ਕੀਤੀ ਗਈ ਸੀ। **ਪੇਸ਼ ਏ ਇੱਕ ਰਿਪੋਰਟ**

---------------------------------------------------------------------

ਮੱਛੀ ਪਾਲਣ ਵਿਭਾਗ ਨੇ ਲੁਧਿਆਣਾ ਵਿਚ ਤਾਜਪੁਰ ਮੱਛੀ ਮੰਡੀ ਵਿਖੇ ਅਚਨਚੇਤ ਚੈਕਿੰਗ ਕਰਦਿਆਂ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਬਰਾਮਦ ਕੀਤੀ ਗਈ। ਮੱਛੀ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਦੱਸਿਆ ਕਿ ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ, ਪੰਜਾਬ ਗੁਰਪ੍ਰੀਤ ਸਿੰਘ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤੇ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਦੁਕਾਨ ਵਿੱਚੋਂ ਲਗਭਗ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਬਰਾਮਦ ਕੀਤੀ ਗਈ। ਦੁਕਾਨਦਾਰ ਨੂੰ ਪਾਬੰਦੀਸ਼ੁਦਾ ਮੰਗੂਰ ਮੱਛੀ ਨਾ ਵੇਚਣ ਸਬੰਧੀ ਸਖ਼ਤ ਤਾੜਨਾ ਕੀਤੀ ਗਈ, ਬਰਾਮਦ ਕੀਤੀ ਮੰਗੂਰ ਮੱਛੀ ਨੂੰ ਸਰਕਾਰੀ ਮੱਛੀ ਪੂੰਗ ਫਾਰਮ, ਮੋਹੀ ਵਿਖੇ ਟੋਇਆ ਪੱਟ ਕੇ ਦਬਾ ਦਿੱਤਾ ਗਿਆ। ਸਹਾਇਕ ਡਾਇਰੈਕਟਰ ਗਰੇਵਾਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ, ਲੁਧਿਆਣਾ ਵੱਲੋਂ ਜ਼ਿਲ੍ਹਾ ਲੁਧਿਆਣਾ ਵਿੱਚ ਮੰਗੂਰ ਮੱਛੀ ਨਾ

ਵੇਚਣ ਸਬੰਧੀ ਕੁਝ ਦਿਨ ਪਹਿਲਾਂ ਹੀ ਨੋਟਿਸ ਜਾਰੀ ਕੀਤਾ ਗਿਆ ਸੀ ਜਿਸਦੇ ਤਹਿਤ ਮੱਛੀ ਪਾਲਣ ਵਿਭਾਗ ਵੱਲੋਂ ਸਾਰੇ ਦੁਕਾਨਦਾਰਾਂ ਨੂੰ ਵੀ ਨੋਟਿਸ ਵੰਡੇ ਗਏ। ਉਨ੍ਹਾਂ ਸਪੱਸ਼ਟ ਕੀਤਾ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਅਚਨਚੇਤ ਛਾਪੇਮਾਰੀ ਜਾਰੀ ਰਹੇਗੀ ਅਤੇ ਮੰਗੂਰ ਮੱਛੀ ਵੇਚਣ ਵਾਲਿਆਂ ਖਿਲਾਫ ਬਣਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

-----------------------------------------------------------

ਅੱਜ ਵਿਸ਼ਵ ਹਵਾ ਦਿਵਸ ਏ । ਇੱਕ ਸਾਫ਼-ਸੁਥਰੀ, ਨਵਿਆਉਣਯੋਗ ਅਤੇ ਨਿਰੰਤਰ ਰਹਿਣਯੋਗ ਊਰਜਾ ਸਰੋਤ ਵਜੋਂ ,ਹਵਾ ਊਰਜਾ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ, ਇਹ ਦਿਨ ਹਰ ਸਾਲ 15 ਜੂਨ ਨੂੰ,ਮਨਾਇਆ ਜਾਂਦਾ ਏ । **ਪੇਸ਼ ਏ ਇੱਕ ਰਿਪੋਰਟ** :

*ਵਿਸ਼ਵ ਹਵਾ ਦਿਵਸ ਪਹਿਲੀ ਵਾਰ 2007 ਵਿੱਚ, European Wind Energy Association ਵੱਲੋਂ ਮਨਾਇਆ ਗਿਆ ਸੀ। ਇਸ ਤੋਂ ਬਾਅਦ 2009 ਵਿੱਚ, Global Wind Energy Council ਦੇ ਸਮਰਥਨ ਨਾਲ ਇਹ ਇੱਕ ਵਿਸ਼ਵਵਿਆਪੀ ਸਮਾਗਮ ਬਣ ਗਿਆ। ਹਵਾ ਊਰਜਾ ਸਭ ਤੋਂ ਤੇਜ਼ੀ ਨਾਲ ਵਧ ਰਹੇ ਨਵਿਆਉਣਯੋਗ ਊਰਜਾ ਸਰੋਤਾਂ ਵਜੋਂ ਉਭਰੀ ਏ। ਇਹ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਤੋਂ ਬਿਨਾਂ ਬਿਜਲੀ ਪੈਦਾ ਕਰਦੀ ਏ, ਜੈਵਿਕ ਈਂਧਣ 'ਤੇ ਨਿਰਭਰਤਾ ਘਟਾਉਂਦੀ ਏ ਅਤੇ ਜਲਵਾਯੂ ਤਬਦੀਲੀ ਵਿਰੁੱਧ ਵਿਸ਼ਵ-ਵਿਆਪੀ ਲੜਾਈ ਦਾ ਸਮਰਥਨ ਕਰਦੀ ਏ। ਇਸੇ*

*ਸਿਲਸਿਲੇ ਵਿਚ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ  ਪੰਜਾਬ ਦੇ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਅਧਿਕਾਰੀ ਲੂਪਿੰਦਰ ਕੁਮਾਰ ਨੇ ਕਿਹਾ* / BYTE

*ਇਹ ਦਿਨ ਉਨ੍ਹਾਂ ਵਿਗਿਆਨੀਆਂ, ਇੰਜੀਨੀਅਰਾਂ ਅਤੇ ਵਾਤਾਵਰਣ ਪ੍ਰੇਮੀਆਂ ਦਾ ਵੀ ਸਨਮਾਨ ਕਰਦਾ ਏ ਜੋ ਹਵਾ ਊਰਜਾ ਨੂੰ ਵਧੇਰੇ ਕੁਸ਼ਲ ਅਤੇ ਪਹੁੰਚਯੋਗ ਬਣਾਉਣ ਲਈ ਕੰਮ ਕਰ ਰਹੇ ਹਨ।ਦੇਸ਼ ਭਰ ਵਿੱਚ ਸਮਾਗਮਾਂ, ਮੁਹਿੰਮਾਂ, ਵਿਦਿਅਕ ਗਤੀਵਿਧੀਆਂ ਅਤੇ ਪ੍ਰਦਰਸ਼ਨੀਆਂ ਲਾ ਕੇ ਇਹ ਦਿਨ ਮਨਾਇਆ ਜਾਂਦਾ ਏ।*

*ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ ।*

---

ਭਾਰਤੀ ਫੌਜ ਨੇ ਕਾਰਗਿਲ ਯੁੱਧ ਵਿੱਚ ਸ਼ਹੀਦ ਹੋਏ 17ਵੀਂ ਜਾਟ ਰੈਜੀਮੈਂਟ ਦੇ ਸਿਪਾਹੀ ਕ੍ਰਿਸ਼ਨ ਕੁਮਾਰ ਦੀ ਬੇਮਿਸਾਲ ਹਿੰਮਤ ਨੂੰ ਯਾਦ ਕਰਦੇ ਹੋਏ, 'ਘਰ-ਘਰ ਸ਼ੌਰਿਆ ਸਨਮਾਨ' ਤਹਿਤ ਉਨ੍ਹਾਂ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਨਮਾਨ ਪੱਤਰ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ । ਫੌਜ ਵੱਲੋਂ,  ਹਵਲਦਾਰ ਕਮਲੇਸ਼ ਬਿਸ਼ਨੋਈ ਅਤੇ ਸਿਪਾਹੀ ਸੁਨੀਲ ਦੇ ਪਿੰਡ ਤਾਰਕਾਂ-ਵਾਲੀ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪਹੁੰਚੇ ਅਤੇ ਸ਼ਹੀਦ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵੀ ਜਾਣਿਆ। ਸਿਪਾਹੀ ਕ੍ਰਿਸ਼ਨ ਕੁਮਾਰ 30 ਮਈ

1999 ਨੂੰ 20 ਸਾਲ ਦੀ ਉਮਰ ਵਿੱਚ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਫੌਜ ਦੇ ਨੁਮਾਇਦਿਆਂ  ਨੇ ਦੱਸਿਆ ਕਿ ਭਾਰਤੀ ਫੌਜ 26 ਜੁਲਾਈ ਨੂੰ 26ਵੇਂ ਕਾਰਗਿਲ ਵਿਜੇ ਦਿਵਸ ਸਮਾਗਮ  ਦਾ ਆਯੋਜਨ ਕਰ ਰਹੀ ਏ  ਅਤੇ ਇਸ ਮੌਕੇ 'ਤੇ 'ਘਰ-ਘਰ ਸ਼ੌਰਿਆ ਸਨਮਾਨ' ਯੋਜਨਾ ਦੇ ਤਹਿਤ ਸ਼ਹੀਦਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ 'ਤੇ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦਿੱਤੇ ਜਾ ਰਹੇ ਹਨ।

-----------------------------------------------------------

ਉਤਰਾਖੰਡ ਦੇ ਕੇਦਾਰਨਾਥ ਧਾਮ ਨੇੜੇ ਅੱਜ ਸਵੇਰੇ ਹੋਏ ਹੈਲੀਕਾਪਟਰ ਹਾਦਸੇ ਦੀ ਜਾਂਚ ਹਵਾਈ ਜਹਾਜ਼ ਹਾਦਸੇ ਬਾਰੇ ਜਾਂਚ ਬਿਊਰੋ ਕਰੇਗਾ । ਇਸ ਹਾਦਸੇ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ। ਹੈਲੀਕਾਪਟਰ ਕੇਦਾਰਨਾਥ ਤੋਂ ਗੁਪਤਕਾਸ਼ੀ ਜਾ ਰਿਹਾ ਸੀ ਅਤੇ ਇਸ ਵਿੱਚ ਛੇ ਯਾਤਰੀ ਅਤੇ ਇੱਕ ਪਾਇਲਟ ਸਵਾਰ ਸਨ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ ਦੇ ਅਨੁਸਾਰ, ਹੈਲੀਕਾਪਟਰ ਅੱਜ ਸਵੇਰੇ 5 ਵੱਜਕੇ 19 ਮਿੰਟ ਵਜੇ ਕੇਦਾਰਨਾਥ ਤੋਂ ਗੁਪਤਕਾਸ਼ੀ ਲਈ ਰਵਾਨਾ ਹੋਇਆ ਅਤੇ ਗੌਰੀਕੁੰਡ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ। ਸਾਵਧਾਨੀ ਵਜੋਂ, ਡਾਇਰੈਕਟੋਰੇਟ ਜਨਰਲ ਨੇ ਚਾਰ ਧਾਮ ਲਈ ਹੈਲੀਕਾਪਟਰ ਸੇਵਾ ਅਗਲੇ ਦੋ ਦਿਨਾਂ ਲਈ ਮੁਲਤਵੀ ਕਰ ਦਿੱਤੀ ਏ  ।

---------------------------------------------------

ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ  ਬੂਥਗੜ੍ਹ ਚੋਅ ‘ਤੇ ਬਣਨ ਵਾਲੇ ਪੁਲ ਦੇ ਨਿਰਮਾਣ ਕੰਮ ਦੀ ਸ਼ੁਰੂਆਤ ਕੀਤੀ। ਇਹ ਪੁਲ 2 ਕਰੋੜ 35 ਲਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ, ਜਿਸ ਨਾਲ ਇਲਾਕੇ ਦੇ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ।  ਵਿਧਾਇਕ ਨੇ ਕਿਹਾ ਕਿ ਇਸ ਪੁਲ ਦੀ ਮੰਗ ਪਿਛਲੇ ਪਿਛਲੇ ਲੰਮੇ ਸਮੇਂ ਤੋਂ ਹੋ ਰਹੀ ਸੀ । ਹੁਣ ਆਵਾਜਾਈ ਆਸਾਨ ਹੋਣ ਨਾਲ ਇਲਾਕੇ ਦੀ ਆਰਥਿਕ, ਸਮਾਜਿਕ ਅਤੇ ਵਿਦਿਅਕ ਵਿਕਾਸ ਨੂੰ ਵੀ ਰਫਤਾਰ ਮਿਲੇਗੀ। ਉਨ੍ਹਾਂ ਕਿਹਾ ਕਿ ਪੁਲ ਨਾਲ ਜੁੜੀਆਂ ਸੜਕਾਂ ਦੀ ਵੀ ਤੁਰੰਤ ਮੁਰੰਮਤ ਕਰਵਾਈ ਜਾਵੇਗੀ, ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।

---------------------------------------------------

ਲੁਧਿਆਣਾ ਦੇ ਵਧੀਕ ਜ਼ਿਲ੍ਹਾ ਚੋਣ ਅਫਸਰ ਰੋਹਿਤ ਗੁਪਤਾ ਨੇ ਅੱਜ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਪੋਲਿੰਗ ਅਤੇ ਗਿਣਤੀ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਖਾਲਸਾ ਕਾਲਜ (ਲੜਕੀਆਂ) ਲੁਧਿਆਣਾ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ  ਲਈ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਦਾ ਦੌਰਾ ਕੀਤਾ।  ਰੋਹਿਤ ਗੁਪਤਾ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ

ਪਾਰਦਰਸ਼ੀ ਜ਼ਿਮਨੀ ਚੋਣ ਕਰਵਾਉਣ ਲਈ ਅਟੱਲ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਇਨ੍ਹਾਂ ਥਾਵਾਂ 'ਤੇ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਥਾਵਾਂ 'ਤੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

-----------------------------------------------------

ਫਾਜਿਲਕਾ ਪੁਲਿਸ ਨੇ 2 ਨਸ਼ਾ ਤਸਕਰਾਂ ਨੂੰ 1 ਕਿਲੋ ਤੋਂ ਵੱਧ ਹੈਰੋਇਨ ਸਮੇਤ ਕਾਬੂ ਕੀਤਾ ਏ । ਪੁਲਿਸ ਨੇ ਫਾਜ਼ਿਲਕਾ-ਫਿਰੋਜਪੁਰ ਸੜਕ 'ਤੇ ਨਾਕੇ ਦੌਰਾਨ ਇਕ ਕਾਰ ਦੀ ਤਲਾਸ਼ੀ ਲੈਂਦਿਆਂ, ਇਸ ਨਸ਼ੀਲਾ ਪਦਾਰਥ ਬਰਾਮਦ ਹੋਇਆ । ਕਾਬੂ ਕੀਤੇ ਨਸ਼ਾ ਤਸਕਰਾਂ ਦੀ ਪਹਿਚਾਣ ਪੰਜ ਗਰਾਈਂ ਦੇ ਗੁਰਮੀਤ ਸਿੰਘ ਅਤੇ ਜਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਾਸੀ ਸੁਰਜੀਤ ਸਿੰਘ ਵੱਜੋ ਹੋਈ ਏ । ਅਗਲੇਰੀ ਕਾਰਵਾਈ ਜਾਰੀ ਏ।

-----------------------------------------------------

ਰਾਸ਼ਟਰੀ ਗੱਤਕਾ ਐਸੋਸੀਏਸ਼ਨ ਵੱਲੋਂ ਕਰਵਾਈ ਤਿੰਨ ਰੋਜ਼ਾ 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ ਅੱਜ ਨਵੀਂ ਦਿੱਲੀ ਦੇ ਤਾਲਕਟੋਰਾ ਇਨਡੋਰ ਸਟੇਡੀਅਮ ਵਿਖੇ ਸਫਲਤਾਪੂਰਵਕ ਸਮਾਪਤ ਹੋਈ, ਜਿਸ ਵਿੱਚ 14 ਸੂਬਿਆਂ ਤੋਂ 500 ਤੋਂ ਵੱਧ ਖਿਡਾਰੀਆਂ ਨੇ ਪੂਰੇ ਉਤਸ਼ਾਹ ਨਾਲ

ਹਿੱਸਾ ਲਿਆ। ਮੁੱਖ ਮਹਿਮਾਨ ਦਿੱਲੀ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਤਲਵੰਤ ਸਿੰਘ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਰਣਜੀਤ ਕੌਰ ਨੇ ਜੇਤੂਆਂ ਨੂੰ ਮੈਡਲ ਅਤੇ ਟਰਾਫੀਆਂ ਭੇਟ ਕੀਤੀਆਂ। ਇਸ ਚੈਂਪੀਅਨਸ਼ਿਪ ਦੌਰਾਨ ਪੰਜਾਬ ਦੀਆਂ ਕੁੜੀਆਂ ਨੇ ਓਵਰਆਲ ਟਰਾਫੀ ਜਿੱਤੀ ਜਦੋਂ ਕਿ ਚੰਡੀਗੜ੍ਹ ਦੂਜੇ ਅਤੇ ਹਰਿਆਣਾ ਤੀਜੇ ਸਥਾਨ 'ਤੇ ਰਿਹਾ। ਮੁੰਡਿਆਂ ਦੇ ਵਰਗ ਵਿੱਚ ਵੀ ਪੰਜਾਬ ਓਵਰਆਲ ਚੈਂਪੀਅਨ ਬਣਿਆ, ਛੱਤੀਸਗੜ੍ਹ ਦੂਜੇ ਅਤੇ ਉਤਰਾਖੰਡ ਤੀਜੇ ਸਥਾਨ 'ਤੇ ਰਿਹਾ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਤਿੰਨ ਦੇਸ਼ਾਂ ਦੇ ਦੌਰੇ ਦੇ ਪਹਿਲੇ ਗੇੜ ਵਿਚ, ਸਾਈਪ੍ਰਸ ਪਹੁੰਚੇ-ਪ੍ਰਧਾਨ ਮੰਤਰੀ ਸਾਈਪ੍ਰਸ ਦੇ ਉੱਦਮੀਆਂ ਨਾਲ ਕਰਨਗੇ ਵਪਾਰਕ ਗੱਲਬਾਤ।
- ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ, ਪੁਲਾੜ ਵਿਚ ਲਿਜਾਣ ਵਾਲੇ ਅਕਸੀਓਮ-4 ਦਾ ਪਰੀਖਣ 19 ਜੂਨ ਤੈਅ ਹੋਇਆ।
- ਅੱਜ ਵਿਸ਼ਵ ਬਜ਼ੁਰਗ ਨਾਗਰਿਕ ਦੁਰ-ਵਿਵਹਾਰ ਜਾਗਰੂਕਤਾ ਦਿਵਸ ਮੌਕੇ, ਪੰਜਾਬ ਭਰ ਵਿਚ ਵੱਖ-ਵੱਖ ਸਮਾਗਮਾਂ ਦਾ ਆਯੋਜਨ ।

- ਮੱਛੀ ਪਾਲਣ ਵਿਭਾਗ ਵੱਲੋਂ ਲੁਧਿਆਣਾ ਦੀ ਤਾਜਪੁਰ ਮੱਛੀ ਮੰਡੀ 'ਚ ਅਚਨਚੇਤ ਚੈਕਿੰਗ ਕਰਦਿਆਂ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਕੀਤੀ ਬਰਾਮਦ।

ਅਤੇ

- 12ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ 'ਚ, ਪੰਜਾਬ ਦੇ ਮੁੰਡੇ-ਕੁੜੀਆਂ ਦੀ ਟੀਮ ਨੇ ਜਿਤੀ ਓਵਰਆਲ ਟਰਾਫੀ I